# ਗੁਰੂ ਨਾਨਕ ਬਾਣੀ ਦਾ ਸੰਗੀਤਿਕ ਅਧਿਐਨ

**ਪੀ. ਐੱਚ. ਡੀ. ਖੋਜਾਰਥੀ: ਸੁਖਵੀਰ ਕੌਰ**

**ਪੀ. ਐੱਚ. ਡੀ. ਖੋਜਾਰਥੀ: ਬਾਲ ਕ੍ਰਿਸ਼ਨ**

**ਸੰਗੀਤ ਵਿਭਾਗ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ**

ਵੱਖ-ਵੱਖ ਸਮੇਂ ਤੇ ਵਿਸ਼ਵ ਦੀਆਂ ਮਹਾਨ ਸ਼ਖਸੀਅਤਾਂ ਦਾ ਜਨਮ ਹੁੰਦਾ ਰਹਿੰਦਾ ਹੈ। ਉਹਨਾਂ ਦੀ ਮਹਾਨਤਾ ਉਹਨਾਂ ਦੀ ਬਾਣੀ ਦੇ ਦੁਆਰਾ ਯੁੱਗਾਂ-ਯੁੱਗਾਂ ਤੱਕ ਜਨ-ਜੀਵਨ ਨੂੰ ਜਾਗ੍ਰਿਤ ਕਰਦੀ ਹੈ ਅਤੇ ਇਸ ਪ੍ਰਕਾਰ ਜਾਤੀ, ਰਾਸ਼ਟਰ ਅਤੇ ਜਗਤ ਦਾ ਆਪਣੇ ਮਹਾਨ ਸੰਦੇਸ਼ ਨਾਲ ਨਿਰੰਤਰ ਮਾਰਗ ਦਰਸ਼ਨ ਕਰਕੇ ਸਫ਼ਲ ਜੀਵਨ ਦੇ ਵੱਲ ਪ੍ਰੇਰਿਤ ਕਰਦੀ ਰਹਿੰਦੀ ਹੈ। ਸੱਭਿਅਕ ਬੌਧਿਕ ਮਾਨਵ ਦੀ ਜਗਿਆਸਾ ਨੇ ਅਨੰਤ ਰਹੱਸਮਈ ਕ੍ਰਿਆਵਾਂ ਨੂੰ ਜਨਮ ਦਿੱਤਾ, ਅਤੇ ਦੁਨੀਆਂ ਦੇ ਮਹਾਨ ਗ੍ਰੰਥ ਇਸਦੇ ਗਵਾਹ ਬਣੇ। ਭਾਰਤੀ ਭਗਤੀ ਲਹਿਰ ਦੁਆਰਾ ਪੈਦਾ ਹੋਈ ਅਧਿਆਤਮਿਕਤਾ ਦੀ ਜੋਤ ਮੱਧ ਕਾਲੀਨ ਸੰਤਾਂ ਦੀ ਅਨੁਭੂਤੀ ਦੇ ਮਾਧਿਅਮ ਤੋਂ ਅਭਿਵਿਅਕਤ ਹੋਈ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਸੰਗ੍ਰਹਿਤ ਹੋਈ। ਇਸ ਮਹਾਨ ਕਾਰਜ ਦੀ ਨੀਂਹ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਰੱਖੀ।

ਗੁਰੂ ਨਾਨਕ ਦੇਵ ਜੀ ਸਿੱਖਾਂ ਦੇ ਪਹਿਲੇ ਗੁਰੂ ਅਤੇ ਬਾਨੀ ਸਨ। ਇਹਨਾਂ ਦਾ ਜਨਮ 15 ਅਪ੍ਰੈਲ 1469 ਈ: ਨੂੰ ਰਾਇ ਭੋਇ ਦੀ ਤਲਵੰਡੀ (ਨਨਕਾਣਾ ਸਾਹਿਬ) ਜਿਲ੍ਹਾਂ ਸ਼ੇਖੂਪੁਰਾ ਵਿੱਚ ਹੋਇਆ। ਬਚਪਨ ਤੋਂ ਹੀ ਸੰਤਾਂ-ਸਾਧੂਆਂ ਨਾਲ ਅਧਿਆਤਮਕ ਵਿਚਾਰ-ਗੋਸ਼ਟੀਆਂ ਅਤੇ ਭਜਨ ਕੀਰਤਨ ਦੀਆਂ ਰੁਚੀਆਂ ਗੁਰੂ ਸਾਹਿਬ ਦੇ ਸੁਭਾਅ ਦਾ ਅੰਗ ਸਨ। ਗੁਰੂ ਸਾਹਿਬ ਨੇ ਇਸ ਜਗਤ ਜਲੰਦੇ ਨੂੰ ਤਾਰਨ ਲਈ ਆਪਣੇ ਅਧਿਆਤਮਿਕ ਅਨੁਭਵ ਅਤੇ ਚਿੰਤਨ ਦੁਆਰਾ ਸਿੱਖ ਧਰਮ ਦੇ ਰੂਪ ਵਿੱਚ ਲੋਕਾਈ ਨੂੰ ਨਵਾਂ ਰਸਤਾ ਦਿਖਾਇਆ। ਚਾਰ ਉਦਾਸੀਆਂ ਦੇ ਰੂਪ ਵਿੱਚ ਗੁਰੂ ਨਾਨਕ ਸਾਹਿਬ ਨੇ ਖ਼ਾਲਕ ਦੇ ਉਦੇਸ਼ ਨੂੰ ਸਰਬ-ਲੋਕਾਈ ਤੱਕ ਪਹੁੰਚਾਇਆ। ਆਪਣੇ ਧਰਮ ਪ੍ਰਚਾਰ ਹਿੱਤ ਮਰਦਾਨੇ ਨੂੰ ਆਪਣੇ ਸਾਥੀ ਵਜੋਂ ਚੁਣਿਆ। ਗੁਰੂ ਨਾਨਕ ਦੇਵ ਜੀ ਧੁਰ ਕੀ ਬਾਣੀ ਦਾ ਜਦੋਂ ਗਾਇਨ ਕਰਦੇ ਸਨ ਤਾਂ ਮਰਦਾਨਾ ਰਬਾਬ ਤੇ ਉਨ੍ਹਾਂ ਨਾਲ ਸੰਗਤ ਕਰਦੇ ਸਨ। ਮਰਦਾਨਾ ਉੱਚ ਕੋਟੀ ਦੇ ਰਬਾਬ ਵਾਦਕ ਸਨ। ਗੁਰੂ ਸਾਹਿਬ ਜਦੋਂ ਇਲਾਹੀ ਬਾਣੀ ਦਾ ਕੀਰਤਨ ਕਰਦੇ ਸਨ ਤੇ ਮਰਦਾਨੇ ਦੀ ਰਬਾਬ ਤੇ ਸੰਗਤ ਨਾਲ ਅਨੂਠਾ ਵਾਤਾਵਰਣ ਪੈਦਾ ਹੁੰਦਾ ਸੀ, ਜਿਸਦਾ ਉਲੇਖ ਭਾਈ ਗੁਰਦਾਸ ਜੀ ਨੇ ਆਪਣੀਆਂ ਵਾਰਾਂ ਵਿੱਚ ਇਸ ਪ੍ਰਕਾਰ ਕੀਤਾ ਹੈ-

"ਫਿਰਿ ਬਾਬਾ ਗਇਆ ਬਗਦਾਦਿ ਨੋ ਬਾਹਿਰ ਜਾਇ ਕੀਆ ਅਸਥਾਨਾ
ਇਕੁ ਬਾਬਾ ਅਕਾਲ ਰੂਪੁ ਦੂਜਾ ਰਬਾਬੀ ਮਰਦਾਨਾ"[1]

ਮੱਧਕਾਲੀਨ ਧਰਮ-ਸੰਸਥਾਵਾਂ ਅਤੇ ਸੰਤਾਂ ਵਿਚੋਂ ਗੁਰੂ ਨਾਨਕ ਦੇਵ ਜੀ ਦਾ ਸਥਾਨ ਅਤਿਅੰਤ ਮਹੱਤਵਪੂਰਨ ਹੈ। ਇਹਨਾਂ ਨੇ ਧਾਰਮਿਕ ਖੇਤਰਾਂ ਵਿੱਚ ਸ਼ਕਤੀ, ਕਰਮ ਅਤੇ ਗਿਆਨ ਦਾ ਉਥਾਨ ਕੀਤਾ ਅਤੇ ਤੱਤਕਾਲੀਨ ਧਾਰਮਿਕ, ਸਮਾਜਿਕ ਅਤੇ ਰਾਜਨੈਤਿਕ ਸਮੱਸਿਆਵਾਂ ਦਾ ਵਿਸ਼ਲੇਸ਼ਣ ਕਰਕੇ ਸੰਤ ਮਾਰਗ ਦੀ ਨੀਂਹ ਰੱਖੀ। ਇਹਨਾਂ ਦੀ ਰਚਨਾ ਸ਼ੈਲੀ ਵਿੱਚ ਕਾਵਿ ਰੂਪ, ਭਾਵਾਂ ਦੀ ਮਧੁਰਤਾ, ਵਿਚਾਰਾਂ ਦੀ ਗਹਿਨਤਾ ਆਦਿ ਗੁਣ ਪਾਏ ਜਾਂਦੇ ਹਨ।

ਗੁਰੂ ਨਾਨਕ ਦੇਵ ਜੀ ਨੇ ਹਰਿ ਕੀਰਤਨ ਅਤੇ ਆਪਣੇ ਵਿਚਾਰਾਂ ਦੇ ਪ੍ਰਚਾਰ ਦੇ ਲਈ ਆਰੰਭ ਤੋਂ ਹੀ ਸੰਗੀਤ ਦਾ ਆਧਾਰ ਲਿਆ ਬਲਕਿ ਇਸ ਪ੍ਰਕਾਰ ਕਿਹਾ ਜਾ ਸਕਦਾ ਹੈ ਕਿ ਇਹਨਾਂ ਨੇ ਸੰਗੀਤ ਦੇ ਪੁਨਰ ਉਥਾਨ ਦੇ ਲਈ ਹੀ ਅਵਤਾਰ ਲਿਆ ਸੀ। ਸੰਗੀਤ ਵਿਦਿਆ ਦਾ ਗਿਆਨ ਇਹਨਾਂ ਨੇ ਕਿਸ ਤੋਂ ਪ੍ਰਾਪਤ ਕੀਤਾ, ਇਸਦਾ ਉਲੇਖ ਨਹੀਂ

ਮਿਲਦਾ। ਅਰਥਾਤ ਇਹੀ ਮੰਨਿਆ ਜਾ ਸਕਦਾ ਹੈ ਕਿ ਇਹ ਵਿੱਦਿਆ ਇਹਨਾਂ ਨੂੰ ਜਨਮ ਦੇ ਨਾਲ ਹੀ ਈਸ਼ਵਰ ਕ੍ਰਿਪਾ ਦੇ ਰੂਪ ਵਿੱਚ ਪ੍ਰਾਪਤ ਹੋਈ। ਗੁਰੂ ਨਾਨਕ ਦੇਵ ਜੀ ਇੱਕ ਵਾਰ ਆਪਣੇ ਮੁਸਲਮਾਨ ਮੀਰਾਸੀ ਸ਼ਿਸ਼ ਮਰਦਾਨਾਂ ਦੇ ਨਾਲ ਜਗਨਨਾਥਪੁਰੀ ਗਏ। ਉਹਨਾਂ ਦੇ ਨਾਲ ਇੱਕ ਮੁਸਲਮਾਨ ਹੋਣ ਦੇ ਕਾਰਣ ਉਨ੍ਹਾਂ ਨੂੰ ਮੰਦਿਰ ਦੇ ਅੰਦਰ ਪ੍ਰਵੇਸ਼ ਕਰਨ ਦੀ ਆਗਿਆ ਨਹੀਂ ਮਿਲੀ ਤਾਂ ਉਹਨਾਂ ਨੇ ਬਾਹਰ ਹੀ ਇਸ ਪ੍ਰਕਾਰ ਦੀ ਆਰਤੀ ਗਾਈ ਕਿ ਸਾਰੀ ਜਨਤਾ ਆਤਮ ਵਿਭੋਰ ਹੋ ਕੇ ਉਹਨਾਂ ਵੱਲ ਖਿੱਚੀ ਆਈ ਅਤੇ ਉਹਨਾਂ ਦੇ ਪੈਰਾਂ ਤੇ ਡਿੱਗ ਪਈ। ਡਿਸ ਤੋਂ ਉਹਨਾਂ ਦੀ ਗਾਇਨ ਕਲਾ ਦਾ ਅਨੁਮਾਨ ਲਗਾਇਆ ਜਾ ਸਕਦਾ ਹੈ।

ਗੁਰੂ ਨਾਨਕ ਦੇਵ ਜੀ ਦੇ ਆਗਮਨ ਤੱਕ ਭਾਰਤੀ ਸੰਗੀਤ ਹਿੰਦੁਸਤਾਨੀ ਅਤੇ ਕਰਨਾਟਕੀ ਪੱਧਤੀ ਵਜੋਂ ਸਪੱਸ਼ਟ ਰੂਪ ਵਿੱਚ ਵੰਡ ਚੁਕਿਆ ਸੀ, ਇਸ ਸਮੇਂ ਭਗਤੀ ਲਹਿਰ ਪ੍ਰਭੂ ਭਗਤੀ ਦੀ ਇੱਕ ਲਹਿਰ ਦੇ ਰੂਪ ਵਿੱਚ ਪ੍ਰਚਾਰ ਵਿਚ ਆਈ ਜਿਸਦੀ ਆਪਣੀ ਇੱਕ ਨਿਵੇਕਲੀ ਪਰੰਪਰਾ ਸੀ। ਗੁਰੂ ਨਾਨਕ ਦੇਵ ਜੀ ਨੇ ਆਪਣੇ ਵਿਚਾਰਾਂ ਦੇ ਪ੍ਰਗਟਾਵੇ ਲਈ ਸੰਗੀਤ ਨੂੰ ਇੱਕ ਮਾਧਿਅਮ ਵਜੋਂ ਅਪਣਾਇਆ। ਗੁਰੂ ਨਾਨਕ ਦੇਵ ਜੀ ਨੇ ਭਗਤੀ ਸੰਗੀਤ ਦਾ ਘੋਖਵਾਂ ਅਧਿਐਨ ਕੀਤਾ ਅਤੇ ਕੁਝ ਪਰਿਵਰਤਨਾਂ ਸਹਿਤ ਇਸਨੂੰ ਅਪਣਾਇਆ।

ਗੁਰੂ ਨਾਨਕ ਜੀ ਨੇ 19 ਰਾਗਾਂ ਵਿੱਚ ਬਾਣੀ ਰਚੀ। ਗੁਰੂ ਜੀ ਨੇ ਅਨੇਕ ਗਾਇਨ ਸ਼ੈਲੀਆਂ ਅਤੇ ਕਾਵਿ ਰੂਪਾਂ ਦਾ ਸਦਉਪਯੋਗ ਕੀਤਾ ਜੋ ਪੰਜਾਬੀ ਸਾਹਿਤ ਅਤੇ ਭਾਰਤੀ ਸੰਗੀਤ ਦਾ ਉੱਤਮ ਨਮੂਨਾ ਹਨ। ਗੁਰੂ ਸਾਹਿਬ ਦੇ 976 ਸ਼ਬਦ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹਨ ਅਤੇ ਇਸ ਤੋਂ ਇਲਾਵਾ ਜਪੁ, ਪਟੀ (ਰਾਗ ਆਸਾ), ਓਂਕਾਰ (ਰਾਗ ਰਾਮਕਲੀ), ਸਿੱਧ ਗੋਸਟਿ (ਰਾਗ ਰਾਮਕਲੀ), ਬਾਰਾਮਾਹ (ਰਾਗ ਤੁਖਾਰੀ) ਅਤੇ ਤਿੰਨ ਤਾਰਾਂ ਰਾਗ ਆਸਾ, ਰਾਗ ਮਾਝ, ਰਾਗ ਮਲਾਰ ਵਿੱਚ ਦਰਜ ਹਨ।

"ਗੁਰੂ ਨਾਨਕ ਦੇਵ ਜੀ ਦੇ ਬਾਣੀ ਦੇ ਅਧਿਐਨ ਤੋਂ ਸਪੱਸ਼ਟ ਹੁੰਦਾ ਹੈ ਕਿ ਕੁੱਲ 37 ਰਾਗਾਂ ਵਿੱਚ ਬਾਣੀ ਉਚਾਰੀ ਹੈ। ਇਨ੍ਹਾਂ ਰਾਗਾਂ ਦੀ ਵੰਡ ਇਸ ਪ੍ਰਕਾਰ ਕੀਤੀ ਜਾ ਸਕਦੀ ਹੈ-

**ਮੁੱਖ ਰਾਗ**: ਸਿਰੀ, ਮਾਝ, ਗਉੜੀ, ਆਸਾ, ਗੁਜਰੀ, ਦੇਵਗੰਧਾਰੀ, ਬਿਹਾਗੜਾ, ਵਡਹੰਸ, ਸੋਰਠਿ, ਧਨਾਸਰੀ, ਤਿਲੰਗ, ਸੂਹੀ, ਬਿਲਾਵਲ, ਰਾਮਕਲੀ, ਮਾਰੂ, ਤੁਖਾਰੀ, ਭੈਰਉ, ਬਸੰਤ, ਸਾਰੰਗ, ਮਲਾਰ, ਪ੍ਰਭਾਤੀ।

**ਮਿਸ਼ਰਤ ਰਾਗ**: ਗਉੜੀ ਗੁਆਰੇਰੀ, ਗਉੜੀ ਚੇਤੀ, ਗਉੜੀ ਬੈਰਾਗਣਿ, ਗਉੜੀ ਦੀਪਕੀ, ਗਉੜੀ ਪੂਰਬੀ, ਦੀਪਕੀ ਗਉੜੀ ਪੂਰਬੀ, ਆਸਾ ਕਾਫੀ, ਸੂਹੀ ਕਾਫੀ, ਮਾਰੂ ਕਾਫੀ, ਬਸੰਤ ਹਿੰਡੋਲ, ਪ੍ਰਭਾਤੀ ਬਿਆਸ।

**ਦੱਖਣੀ ਰਾਗ**: ਗਉੜੀ ਦੱਖਣੀ, ਵਡਹੰਸ ਦੱਖਣੀ, ਬਿਲਾਵਲ ਦੱਖਣੀ, ਰਾਮਕਲੀ ਦੱਖਣੀ, ਮਾਰੂ ਦੱਖਣੀ, ਪ੍ਰਭਾਤੀ ਦੱਖਣੀ।"[2]

ਗੁਰੂ ਨਾਨਕ ਦੇਵ ਜੀ ਦੇ ਸਮੁੱਚੇ ਸੰਗੀਤ ਵਿਧਾਨ ਦਾ ਆਪਣਾ ਸ਼ਾਸਤਰ ਹੈ, ਜਿਸ ਵਿੱਚ ਸ਼ਾਸਤਰੀ ਸੰਗੀਤ ਦੀਆਂ ਪ੍ਰਚਲਿੱਤ ਗਾਇਨ ਸ਼ੈਲੀਆਂ ਨੂੰ ਵਰਤਿਆ ਗਿਆ ਹੈ। ਭਾਵੇਂ ਇਨ੍ਹਾਂ ਗਾਇਨ ਸ਼ੈਲੀਆਂ ਅਤੇ ਲੋਕ ਗਾਇਨ ਸ਼ੈਲੀਆਂ ਦੇ ਨਾਮ ਅੰਕਿਤ ਕੀਤੇ ਨਹੀਂ ਮਿਲਦੇ ਪਰੰਤੂ ਸਮੁੱਚੀ ਬਾਣੀ ਦਾ ਭਾਰਤੀ ਸੰਗੀਤ ਦੇ ਸੰਦਰਭ ਵਿੱਚ ਅਧਿਐਨ ਕੀਤਿਆਂ ਹੀ ਸਾਸ਼ਤਰੀ ਸੰਗੀਤ ਦੇ ਕਾਵਿ-ਰੂਪ ਮਿਲਦੇ ਹਨ। ਗੁਰੂ ਸਾਹਿਬ ਦਾ ਉਦੇਸ਼ ਕੀਰਤਨ ਰਾਹੀਂ ਸੰਗਤਾਂ ਤੱਕ ਰੱਬੀ ਬਾਣੀ ਨੂੰ ਪਹੁੰਚਾ ਕੇ ਬਾਣੀ ਦਾ ਪ੍ਰਚਾਰ ਕਰਕੇ ਗੁਰੂ ਸਾਹਿਬ ਅਨੁਸਾਰ ਜੀਵਨ ਬਸਰ ਕਰਨ ਲਈ ਪ੍ਰੇਰਨਾ ਦੇਣਾ ਸੀ। ਇਸ ਮੰਤਵ ਲਈ ਗੁਰਮਤਿ ਨੇ ਮਨਭਾਉਂਦੇ ਕਾਵਿ-ਰੂਪਾਂ ਦੀਆਂ ਅਨੇਕਾਂ ਗਾਇਨ ਸ਼ੈਲੀਆਂ ਨੂੰ ਉਨ੍ਹਾਂ ਦੇ

ਸੰਬੰਧਿਤ ਰਾਗਾਂ ਦੇ ਸਿਰਲੇਖਾਂ ਅਧੀਨ ਅੰਕਿਤ ਕੀਤਾ। ਲੋਕ ਧੁਨਾਂ ਤੇ ਆਧਾਰਿਤ ਆਸਾ, ਮਾਝ, ਵਡਹੰਸ, ਤੁਖਾਰੀ ਵਰਗੇ ਰਾਗਾਂ ਵਿੱਚ ਉਨ੍ਹਾਂ ਘੋੜੀਆਂ, ਬਾਰਾਮਾਹ ਵਰਗੇ ਕਾਵਿ ਰੂਪਾਂ ਨੂੰ ਵਰਤਿਆਂ। ਗੁਰੂ ਨਾਨਕ ਬਾਣੀ ਦੀ ਸੰਗੀਤ ਪੱਧਤੀ ਦੇ ਸਮੁੱਚੇ ਵਿਧਾਨ ਦਾ ਆਪਣਾ ਸਾਸ਼ਤਰ ਹੈ।

ਗੁਰੂ ਸਾਹਿਬ ਨੇ ਵਾਰ ਗਾਇਨ ਸਲੋਕ, ਅਸ਼ਟਪਦੀ, ਥਿਤੀ, ਪਹਰੇ, ਬਾਰਾਮਾਹ, ਆਰਤੀ, ਪਉੜੀ, ਪਦੇ, ਛੰਤ, ਅਲਾਹੁਣੀਆਂ, ਸਿਧ ਗੋਸਟਿ ਆਦਿ ਸ਼ੈਲੀਆਂ ਦਾ ਆਪਣੀ ਬਾਣੀ ਵਿੱਚ ਪ੍ਰਯੋਗ ਕੀਤਾ। ਜਪੁਜੀ ਸਾਹਿਬ ਅਤੇ ਸਵੱਯੇ ਤੋਂ ਇਲਾਵਾ ਗੁਰੂ ਜੀ ਦੀ ਸਾਰੀ ਬਾਣੀ ਰਾਗਬੱਧ ਹੈ।

ਗੁਰੂ ਨਾਨਕ ਦੇਵ ਜੀ ਨੇ ਆਪਣੀ ਬਾਣੀ ਵਿਚ ਜਿਹੜੇ ਕਾਵਿ ਰੂਪਾਂ ਦਾ ਪ੍ਰਯੋਗ ਕੀਤਾ ਹੈ ਉਸਨੂੰ ਗਾਇਨ ਸ਼ੈਲੀਆਂ ਕਹਿਣਾ ਵਧੇਰੇ ਉੱਚਿਤ ਹੈ। ਇਸ ਬਾਰੇ ਡਾ. ਗੁਰਨਾਮ ਸਿੰਘ ਦਾ ਕਥਨ ਹੈ-

"ਗੁਰਮਤਿ ਸੰਗੀਤ ਦੀ ਸ਼ਬਦ ਕੀਰਤਨ ਪਰੰਪਰਾ ਦੇ ਅੰਤਰਗਤ ਵੱਖ-ਵੱਖ ਗਾਇਨ ਵਿਧਾਵਾਂ ਮੌਲਕ ਸੰਗੀਤਕ ਸਰੂਪਾਂ ਸਹਿਤ ਵਿਦਮਾਨ ਹਨ। ਇਨ੍ਹਾਂ ਵਿਧਾਵਾਂ ਨੂੰ ਨਿਰੋਲ ਕਾਵਿ-ਰੂਪ ਮੰਨਦਿਆਂ ਵਿਦਵਾਨਾਂ ਨੇ ਇਨ੍ਹਾਂ ਨੂੰ ਸਾਹਿਤਕ ਦ੍ਰਿਸ਼ਟੀਕੋਣ ਤੋਂ ਵਿਸ਼ਲੇਸ਼ਤ ਕੀਤਾ ਹੈ। ਜਦੋਂ ਕਿ ਇਹ ਕਾਵਿ ਰੂਪ ਆਪੋ ਆਪਣੇ ਨਿਸ਼ਚਿਤ ਪ੍ਰਸਤੁਤੀ ਵਿਧਾਨ ਦੇ ਧਾਰਨੀ ਹਨ ਅਤੇ ਇਹਨਾਂ ਦਾ ਪ੍ਰਸਤੁਤੀ-ਵਿਧਾਨ ਗਾਇਨ ਸੰਗੀਤ ਉਪਰ ਆਧਾਰ ਹੈ।"[3]

ਗੁਰੂ ਨਾਨਕ ਦੇਵ ਜੀ ਦੀ ਬਾਣੀ ਦਾ ਵੇਰਵਾ ਇਸ ਪ੍ਰਕਾਰ ਹੈ-

**ਜਪੁਜੀ**

ਜਪੁ ਗੁਰੂ ਗ੍ਰੰਥ ਸਾਹਿਬ ਜੀ ਦੀ ਪਹਿਲੀ ਬਾਣੀ ਹੈ। ਇਸਦੇ ਉੱਪਰ ਨਾ ਕਿਸੇ ਰਾਗ ਤੇ ਨਾ ਰਚਣਹਾਰ ਦਾ ਨਾਮ ਹੈ।"ਪਰੰਤੂ ਪਾਠ ਕਰਦਿਆਂ ਇਸ ਬਾਣੀ ਦਾ ਜਦੋਂ ਉਚਾਰਨ ਹੁੰਦਾ ਹੈ ਤਾਂ ਇਸ ਦਾ ਸ਼ਾਬਦਿਕ ਸੰਗੀਤ ਇੱਕ ਖਾਸ ਤਰ੍ਹਾਂ ਦਾ ਸੰਗੀਕਤ ਪ੍ਰਭਾਵ ਪਾਉਂਦਾ ਹੈ। ਭਾਵੇਂ ਇਹ ਰਚਨਾ ਕਿਸੇ ਖਾਸ ਰਾਗ ਵਿਚ ਨਹੀਂ ਗਾਈ ਜਾਂਦੀ ਪਰ ਇਸ ਦੇ ਗਾਇਨ ਵਿਚ ਵਿਸ਼ੇਸ਼ ਪ੍ਰਕਾਰ ਦਾ ਸੁਰ ਪ੍ਰਬੰਧ ਅਤੇ ਵਿਸ਼ੇਸ਼ ਪ੍ਰਕਾਰ ਦਾ ਸੁਰ ਪ੍ਰਬੰਧ ਅਤੇ ਵਿਸ਼ੇਸ਼ ਪ੍ਰਕਾਰ ਦੀ ਲੈਅ ਬਧਤਾ ਹੁੰਦੀ ਹੈ।"[4]

**ਸੋਦਰ**

ਸੋਦਰ ਰਾਗ ਆਸਾ ਵਿਚ ਦਰਜ ਗੁਰੂ ਨਾਨਕ ਦੇਵ ਜੀ ਦਾ ਸ਼ਬਦ ਹੈ। ਇਹ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਤਿੰਨ ਵਾਰ ਦਰਜ ਹੈ। ਪ੍ਰਥਮ ਵਾਰ ਜਪੁਜੀ ਦੀ ਬਾਣੀ ਵਿਚ 17 ਵੀਂ ਪਉੜੀ ਦੇ ਰੂਪ ਵਿਚ, ਦੂਸਰੀ ਵਾਰ ਗੁਰੂ ਗ੍ਰੰਥ ਸਾਹਿਬ ਵਿਚ ਰਹਿਰਾਸ ਬਾਣੀ ਵਿਚ ਅਤੇ ਤੀਜੀ ਵਾਰ ਰਾਗ ਆਸਾ ਦੀ ਬਾਣੀ ਵਿਚ ਦਰਜ ਹੋਇਆ ਹੈ। ਸੋਦਰ ਚੌਂਕੀ ਦੀ ਪਰੰਪਰਾ ਨੂੰ ਗਾਇਨ ਕਰਨ ਦਾ ਵਿਧਾਨ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਚੱਲਿਆ ਆ ਰਿਹਾ ਹੈ। ਸਭ ਤੋਂ ਪਹਿਲੀ ਵਾਰ ਇਸ ਦਾ ਗਾਇਨ ਸ੍ਰੀ ਗੁਰੂ ਨਾਨਕ ਸਾਹਿਬ ਨੇ ਕਰਤਾਰਪੁਰ ਵਿਖੇ ਸਿੱਖ ਧਰਮਸ਼ਾਲਾ ਦੇ ਸੰਸਥਾਗਤ ਪ੍ਰਚਲਨ ਲਈ ਕੀਤਾ ਸੀ:

"ਫਿਰਿ ਬਾਬਾ ਆਇਆ ਕਰਤਾਰ ਪੁਰਿ
ਭੇਖ ਉਦਾਸੀ ਸਗਲ ਉਤਾਰਾ॥
ਗਿਆਨ ਗੋਸਟਿ ਚਰਚਾ ਸਦਾ
ਅਨਹਦਿ ਸਬਦਿ ਪਿਛੇ ਧੁਨਕਾਰਾ॥

ਸੋਦਰ ਆਰਤੀ ਗਾਵੀਐ
ਅੰਮ੍ਰਿਤ ਵੇਲੇ ਜਪ ਉਚਾਰ॥"[5]

**ਸੋਹਿਲਾ**

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਰਾਗਬੱਧ ਬਾਣੀਆਂ ਤੋਂ ਪਹਿਲਾਂ ਦਰਜ ਸੋਹਿਲਾ ਇਕ ਵਿਸ਼ੇਸ਼ ਬਾਣੀ ਹੈ। ਇਸ ਬਾਣੀ ਵਿਚ ਪੰਜ ਸ਼ਬਦ ਹਨ। ਇਸ ਵਿਚ ਆਰਤੀ ਵਾਲਾ ਸ਼ਬਦ (ਗਗਨ ਮੈ ਥਾਲ) ਵੀ ਦਰਜ ਹੈ। ਇਸ ਬਾਣੀ ਦਾ ਨਾਮ ਪਹਿਲੇ ਸ਼ਬਦ ਅਧੀਨ ਦਰਜ ਹੈ। ਇਸ ਦੀ ਗਾਇਨ ਪ੍ਰਥਾ ਗੁਰੂ ਨਾਨਕ ਦੇਵ ਜੀ ਦੇ ਕਾਲ ਤੋਂ ਚਲੀ ਆ ਰਹੀ ਹੈ। ਜੋਤੀ ਜੋਤ ਸਮਾਉਣ ਵਿਚ ਸੋਹਿਲਾ ਸ਼ਬਦ ਦਾ ਗਾਇਨ ਕਰਨ ਲਈ ਕੀਰਤਨ ਸ਼ਬਦ ਦਾ ਪ੍ਰਯੋਗ ਹੋਇਆ ਹੈ।

"ਤਬ ਬਾਬੈ ਸੰਗਤਿ ਨੂੰ ਹੁਕਮੁ ਕੀਤਾ, ਕੀਰਤਨ ਪੜਹੁ।
ਤਬ ਸੰਗਤਿ ਲਗੀ ਕੀਰਤਨ ਪੜਣਿ:
ਜੈ ਘਰਿ ਕੀਰਤਿ ਆਖੀਐ ਕਰਤੇ ਕਾ ਹੋਇ ਬੀਚਾਰੋ॥"[6]

**ਪਦ**

ਪਦੇ, ਅਸ਼ਟਪਦੀਆਂ ਅਤੇ ਸੋਹਲਿਆਂ ਨੂੰ ਪਦ ਗਾਇਨ ਸ਼ੈਲੀ ਦੇ ਅੰਤਰਗਤ ਸ਼ਾਮਿਲ ਕੀਤਾ ਜਾ ਸਕਦਾ ਹੈ। ਗੁਰੂ ਨਾਨਕ ਦੇਵ ਜੀ ਨੇ ਇਸ ਕਾਵਿ ਗਾਇਨ ਸ਼ੈਲੀ ਵਿਚ ਵਧੇਰੇ ਕਾਵਿ ਰਚਨਾ ਕੀਤੀ ਹੈ। ਗੁਰੂ ਗ੍ਰੰਥ ਸਾਹਿਬ ਵਿਚ ਬਾਕੀ ਗੁਰੂ ਸਾਹਿਬਾਨਾਂ ਅਤੇ ਭਗਤ ਕਵੀਆਂ ਦੀਆਂ ਰਚਨਾਵਾਂ ਦੇ ਅਧਿਐਨ ਤੋਂ ਸਪੱਸ਼ਟ ਹੈ ਕਿ ਇਹ ਕਾਵਿ ਰਚਨਾ ਮੱਧ ਕਾਲ ਤੋਂ ਪ੍ਰਚਲਿਤ ਸੀ।

"ਗੁਰੂ ਨਾਨਕ ਦੇਵ ਜੀ ਦੁਆਰਾ ਰਚਿਤ ਵੱਖ-ਵੱਖ ਰਾਗਾਂ ਵਿਚ ਪਦਿਆਂ ਦੀ ਗਿਣਤੀ ਇਸ ਪ੍ਰਕਾਰ ਹੈ।

1. ਸਿਰੀ ਰਾਗ- ਚਉਪਦੇ 33, ਅਸ਼ਟਪਦੀਆਂ 18
2. ਮਾਝ ਰਾਗ- ਅਸ਼ਟਪਦੀ 1
3. ਗਉੜੀ ਰਾਗ- ਚਉਪਦੇ 20, ਅਸ਼ਟਪਦੀਆਂ 18
4. ਆਸਾ ਰਾਗ- ਚਉਪਦੇ 39, ਅਸ਼ਟਪਦੀਆਂ 22
5. ਗੂਜਰੀ ਰਾਗ- ਚਉਪਦੇ 2, ਅਸ਼ਟਪਦੀਆਂ 5
6. ਵਡਹੰਸ ਰਾਗ- ਚਉਪਦੇ 3
7. ਸੋਰਠ ਰਾਗ- ਚਉਪਦੇ 12, ਅਸ਼ਟਪਦੀਆਂ 4
8. ਧਨਾਸਰੀ ਰਾਗ- ਚਉਪਦੇ 9, ਅਸ਼ਟਪਦੀਆਂ 2
9. ਤਿਲੰਗ ਰਾਗ- ਚਉਪਦੇ 5, ਅਸ਼ਟਪਦੀਆਂ 1
10. ਸੂਹੀ ਰਾਗ- ਚਉਪਦੇ 9, ਅਸ਼ਟਪਦੀਆਂ 1
11. ਬਿਲਾਵਲ ਰਾਗ- ਚਉਪਦੇ 4, ਅਸ਼ਟਪਦੀਆਂ 2
12. ਰਾਮਕਲੀ ਰਾਗ- ਪਦੇ 11, ਅਸ਼ਟਪਦੀਆਂ 9
13. ਮਾਰੂ ਰਾਗ- ਪਦੇ 12, ਅਸ਼ਟਪਦੀਆਂ 11, ਸੋਹਲੇ 22
14. ਭੈਰਉ ਰਾਗ- ਚਉਪਦੇ 8, ਅਸ਼ਟਪਦੀ 1

15. ਬਸੰਤ ਰਾਗ- ਚਉਪਦੇ 10, ਅਸ਼ਟਪਦੀਆਂ 8

16. ਸਾਰੰਗ ਰਾਗ- ਚਉਪਦੇ 3, ਅਸ਼ਟਪਦੀਆਂ 2

17. ਮਲਾਰ ਰਾਗ- ਚਉਪਦੇ 9, ਅਸ਼ਟਪਦੀਆਂ 5

18. ਪ੍ਰਭਾਤੀ ਰਾਗ- ਚਉਪਦੇ 17, ਅਸ਼ਟਪਦੀਆਂ 7"[7]

**ਵਾਰਾਂ**

ਵਾਰ ਕਾਵਿ ਗਾਇਨ ਸ਼ੈਲੀ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਵਿਸ਼ੇਸ਼ ਸਥਾਨ ਪ੍ਰਾਪਤ ਹੈ। ਗੁਰੂ ਗ੍ਰੰਥ ਸਾਹਿਬ ਵਿਚ 22 ਵਾਰਾਂ ਦਰਜ ਹਨ। ਜਿਹਨਾਂ ਵਿਚੋਂ ਗੁਰੂ ਨਾਨਕ ਸਾਹਿਬ ਦੀਆਂ 3 ਵਾਰਾਂ ਦਰਜ ਹਨ। ਗੁਰੂ ਨਾਨਕ ਦੇਵ ਜੀ ਦੀਆਂ ਵਾਰਾਂ ਵਿਚੋਂ ਮਲਾਰ ਦੀ ਵਾਰ, ਆਸਾ ਦੀ ਵਾਰ ਅਤੇ ਮਾਝ ਦੀ ਵਾਰ ਹੈ। ਗੁਰੂ ਨਾਨਕ ਦੇਵ ਜੀ ਦੀ ਵਾਰ ਅਤੇ ਉਹਨਾਂ ਉੱਤੇ ਦਰਜ ਧੁਨਾਂ ਦੀ ਵੇਰਵਾ ਇਸ ਪ੍ਰਕਾਰ ਹੈ।

ਗੁਰੂ ਨਾਨਕ ਜੀ ਦੀ ਵਾਰ:

"ਤੂੰ ਕਰਤਾ ਪੁਰਖੁ ਅਗੰਮ ਹੈ ਆਪਿ ਸ੍ਰਿਸਟਿ ਉਪਾਤੀ॥ "[8]

**ਛੰਦ**

ਵਾਰਾਂ ਤੋਂ ਉਪਰੰਤ ਜਿਸ ਕਾਵਿ ਸ਼ੈਲੀ ਦਾ ਵਧੇਰੇ ਪ੍ਰਯੋਗ ਹੋਇਆ ਉਹ ਛੰਤ ਕਾਵਿ ਰੂਪ ਹੈ। ਭਾਈ ਕਾਹਨ ਸਿੰਘ ਨਾਭਾ ਇਸਨੂੰ ਇੱਕ ਕਾਵਿ ਰੂਪ ਵਜੋਂ ਪ੍ਰਵਾਨ ਨਹੀਂ ਕਰਦੇ ਅਤੇ ਕੇਵਲ ਇੱਕ ਸਿਰਲੇਖ ਦਸਦੇ ਹਨ, "ਇਸ ਸਿਰਲੇਖ ਹੇਠ ਅਨੇਕ ਜਾਤੀਆਂ ਦੇ ਛੰਦ ਗੁਰਬਾਣੀ ਵਿਚ ਪਾਏ ਜਾਂਦੇ ਹਨ, ਪਰ ਸਿਰਲੇਖ ਕੇਵਲ ਛੰਤ ਹੋਇਆ ਕਰਦਾ ਹੈ। "[9]

ਗੁਰੂ ਨਾਨਕ ਦੇਵ ਜੀ ਨੇ ਆਪਣੇ ਅਧਿਆਤਮਕ ਵਿਚਾਰਾਂ ਦੀ ਅਭਿਵਿਅਕਤੀ ਲਈ ਇਸ ਲੋਕ-ਕਾਵਿ ਸ਼ੈਲੀ ਨੂੰ ਅਪਣਾਇਆ।

"ਗੁਰੂ ਜੀ ਨੇ ਗਉੜੀ, ਵਡਹੰਸ ਤੇ ਬਿਲਾਵਲ ਰਾਗ ਵਿਚ 2-2, ਧਨਾਸਰੀ ਵਿਚ 3, ਸੂਹੀ ਤੇ ਆਸਾ ਵਿਚ 5-5 ਅਤੇ ਤੁਖਾਰੀ ਰਾਗ ਵਿਚ 6 (ਬਾਰਾਮਾਹ ਸਮੇਤ) ਕੁੱਲ 25 ਛੰਤਾਂ ਦੀ ਰਚਨਾ ਕੀਤੀ ਹੈ। ਇਹਨਾਂ ਛੰਤਾਂ ਵਿਚਲੇ ਪਦਿਆਂ ਦੀ ਗਿਣਤੀ ਭਿੰਨ ਭਿੰਨ ਹੈ, ਕਿਧਰੇ 5 ਅਤੇ 7। "[10]

ਸੂਹੀ ਛੰਤ ਮਹਲਾ ੧

"ਹਮ ਘਰਿ ਸਾਜਨ ਆਏ॥

ਸਾਚੈ ਮੇਲਿ ਮਿਲਾਏ॥ "[11]

**ਪਹਰੇ**

ਦਿਨ ਅਤੇ ਰਾਤ ਦੇ ਅੱਠਵੇਂ ਭਾਗ ਨੂੰ ਪਹਰ ਆਖਦੇ ਹਨ। ਅਰਥਾਤ ਇਕ ਪਹਰ ਤਿੰਨ ਘੰਟੇ ਦੇ ਬਰਾਬਰ ਹੁੰਦਾ ਹੈ। ਗੁਰੂ ਨਾਨਕ ਦੇਵ ਜੀ ਨੇ ਸ੍ਰੀ ਰਾਗ ਵਿਚ ਦੋ 'ਪਹਰੇ' ਰਚੇ ਹਨ। ਮਨੁੱਖੀ ਜਿੰਦਗੀ ਨੂੰ ਇਹਨਾਂ ਪਹਿਰਿਆਂ ਦੁਆਰਾ ਵਿਕਾਸ ਕਰਦੀ ਦਿਖਾ ਕੇ ਇਸ ਦੇ ਪਰਮ ਉਦੇਸ਼ ਪ੍ਰਭੂ ਪ੍ਰਾਪਤੀ ਲਈ ਪ੍ਰੇਰਿਆ ਗਿਆ ਹੈ।

"ਪਹਿਲੈ ਪਹਿਰੇ ਰੈਣਿ ਕੈ ਵਣਜਾਰਿਆ ਮਿਤ੍ਰਾ ਹੁਕਮਿ ਪਇਆ ਗਰਭਾਸਿ॥

...........ਦੂਜੈ ਪਹਿਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਸਿਰ ਗਿਆ ਧਿਆਨੁ॥ "[12]

## ਪਟੀ

ਗੁਰੁ ਨਾਨਕ ਦੇਵ ਜੀ ਨੇ ਆਸਾ ਰਾਗ ਵਿਚ ਪੱਟੀ ਦੀ ਰਚਨਾ ਕੀਤੀ ਹੈ। ਇਹ ਕਾਵਿ ਰੂਪ ਸੰਸਕ੍ਰਿਤ ਹਿੰਦੀ ਦੀ ਬਾਵਨ ਅੱਖਰੀ ਵਾਂਗ ਅਜਿਹਾ ਕਾਵਿ ਰੂਪ ਹੈ ਜਿਸਦਾ ਹਰੇਕ ਪਦ ਕਿਸੇ ਅੱਖਰ (ਵਰਣ) ਨਾਲ ਸ਼ੁਰੂ ਹੁੰਦਾ ਹੈ।

"ਗੁਰਮੁਖੀ ਵਰਣਮਾਲਾ ਦੇ ਪੈਂਤੀ ਅੱਖਰਾਂ ਤੇ ਆਧਾਰਿਤ ਪੱਟੀ ਹੈ। ਇਸ ਪੱਟੀ ਦਾ ਅੱਖਰ ਕ੍ਰਮ ਇਸ ਪ੍ਰਕਾਰ ਹੈ- ਸ, ੲ, ੳ, ਙ, ਕ, ਖ, ਗ, ਚ, ਛ, ਜ, ਝ, ਞ, ਟ, ਠ, ਡ, ਢ, ਣ, ਤ, ਥ, ਦ, ਧ, ਨ, ਪ, ਫ, ਬ, ਠ, ਮ, ਯ, ਰ, ਲ, ਵ, ੜ, ਹ, ਅ। ਹਰ ਅੱਖਰ ਨਾਲ ਦੋ ਤੁਕੇ ਬੰਦ ਦੀ ਰਚਨਾ ਕੀਤੀ ਗਈ ਹੈ"।[13]

ਆਸਾ ਮਹਲਾ ੧

"ਸਸੈ ਸੋਇ ਸ੍ਰਿਸਟਿ ਜਿਨਿ ਸਾਜੀ, ਸਭਨਾ ਸਾਹਿਬ ਏਕ ਭਇਆ।
ਸੇਵਤ ਰਹੇ ਚਿਤ ਜਿਨ ਕਾ ਲਾਗਾ, ਆਇਆ ਤਿਨ ਕਾ ਸਫਲ ਭਇਆ"[14]

## ਕਾਫ਼ੀ

"ਕਾਫ਼ੀ ਅਰਬੀ ਭਾਸ਼ਾ ਦਾ ਸ਼ਬਦ ਹੈ ਜਿਸਦੇ ਅਰਥ ਹਨ- ਬੇਨਿਆਜ਼ ਕਰਨ ਵਾਲਾ, ਅੱਗੇ-ਅੱਗੇ ਚਲਣ ਵਾਲਾ, ਗਿਆਨਵਾਨ, ਲੋੜ ਪੂਰੀ ਕਰਨ ਵਾਲਾ। ਕਾਵਿ ਖੇਤਰ ਵਿਚ ਇਹ ਗੀਤ ਦਾ ਉਹ ਸਥਾਈ ਪਦ ਹੈ ਜਿਸਦੇ ਨਾਲ ਗਾਉਣ ਲਈ ਹੋਰ ਤੁਕਾਂ ਜੋੜੀਆਂ ਜਾਣ। ਗੀਤ ਗਾਉਣ ਸਮੇਂ ਇਹ ਤੁਕ ਗੀਤ ਵਿਚ ਵਾਰ-ਵਾਰ ਆਉਂਦੀ ਹੈ"।[15]

ਇਸਨੂੰ ਸੂਫ਼ੀ ਫ਼ਕੀਰ ਵਜਦ ਵਿਚ ਆ ਕੇ ਗਾਉਂਦੇ ਸਨ। ਗੁਰੁ ਨਾਨਕ ਦੇਵ ਜੀ ਦੀਆਂ ਪੁਰਾਤਨ ਕਾਫ਼ੀਆਂ ਪੰਜਾਬੀ ਸਹਿਤ ਵਿਚ ਮਿਲਦੀਆਂ ਹਨ ਜੋ ਕਿ ਰਾਗ ਆਸਾ, ਸੂਹੀ, ਅਤੇ ਮਾਰੂ ਵਿਚ ਦਰਜ ਹਨ। ਗੁਰੂ ਜੀ ਦੀਆਂ ਕਾਫ਼ੀਆਂ ਵਿਚ ਦੁਨਿਆਵੀ ਰਿਸ਼ਤਿਆਂ ਨੂੰ ਵਿਅਰਥ ਦੱਸਦਿਆਂ ਹੋਇਆਂ ਜੀਵ ਅਤਮਾ ਨੂੰ ਗੁਰੂ ਦੇ ਨਾਮ ਦੁਆਰਾ ਪਰਮੇਸ਼ਰ ਦਾ ਨਾਮ ਜਪਣ 'ਤੇ ਅਟੁੱਟ ਰਿਸ਼ਤਾ ਗੰਢਣ ਦੀ ਪ੍ਰੇਰਨਾ ਦਿੱਤੀ ਗਈ ਹੈ।

## ਬਾਰਾਮਾਹ

ਗੁਰੂ ਨਾਨਕ ਦੇਵ ਜੀ ਦੁਆਰਾ ਰਚਿਤ ਪੰਜਾਬੀ ਸਾਹਿਤ ਦਾ ਪ੍ਰਥਮ ਬਾਰਾਮਾਹ ਪ੍ਰਾਪਤ ਹੋਇਆ ਹੈ। ਬਾਰਾਂ ਮਹੀਨਿਆਂ 'ਤੇ ਅਧਾਰਿਤ ਖੰਡ ਕਾਵਿ 'ਬਾਰਾਮਾਹ' ਅਖਵਾਉਂਦਾ ਹੈ। ਗੁਰੂ ਨਾਨਕ ਦੇਵ ਜੀ ਨੇ ਰਾਗ ਤੁਖਾਰੀ ਵਿਚ ਬਾਰਾਮਾਹ ਦਾ ਉਚਾਰਣ ਕੀਤਾ ਹੈ। ਗੁਰੂ ਨਾਨਕ ਦੇਵ ਜੀ ਦੁਆਰਾ ਰਚਿਤ 'ਬਾਰਾਮਾਹ' ਵਿਚ ਚਾਰ ਪਦੇ ਭੂਮਿਕਾ ਦੇ ਹਨ ਬਾਕੀ 13 ਪਦਿਆਂ ਵਿਚੋਂ 12 ਦਾ ਸੰਬੰਧ ਹਰ ਮਹੀਨੇ ਦੇ ਨਾਲ ਹੈ। ਅੰਤਿਮ ਪਦੇ ਵਿਚ ਸਿੱਟਾ ਕੱਢਿਆ ਗਿਆ ਹੈ। "ਤੁਖਾਰੀ ਰਾਗ ਅਧੀਨ ਸੰਕਲਿਤ ਬਾਰਾਮਾਹ ਗੁਰੂ ਨਾਨਕ ਦੇਵ ਜੀ ਦੀ ਅਖੀਰਲੀ ਉਮਰ ਦੀ ਰਚਨਾ ਮੰਨੀ ਜਾਂਦੀ ਹੈ, ਜਦ ਉਹ ਕਰਤਾਰਪੁਰ ਨਿਵਾਸ ਕਰਦੇ ਸਨ"।[16]

"ਤੂ ਸੁਣਿ ਕਿਰਤ ਕਰੰਮਾ ਪੁਰਬਿ ਕਮਾਇਆ॥
ਸਿਰਿ ਸਿਰਿ ਸੁਖ ਸਹੰਮਾ ਦੇਹਿ ਸੁ ਤੂ ਭਲਾ॥ "[17]

ਗੁਰੂ ਨਾਨਕ ਦੇਵ ਜੀ ਦੁਆਰਾ ਰਚਿਤ ਇਸ ਬਾਰਾਮਾਹ ਦੇ ਰੂਪ ਵਿਧਾਨ ਅਤੇ ਰਾਗ ਤੁਖਾਰੀ ਵਿਚ ਕਮਾਲ ਦੀ ਇਕਸਾਰਤਾ ਅਤੇ ਇਕਸੁਰਤਾ ਹੈ।

## ਥਿਤੀ

ਇਹ ਇਕ ਵਿਸ਼ੇਸ਼ ਕਾਵਿ ਰੂਪ ਹੈ ਜਿਸ ਵਿਚ ਚੰਦਰਮਾਂ ਦੀਆਂ 15 ਥਿਤਾਂ ਰਾਹੀਂ ਕਵੀ ਕੋਈ ਸੰਦੇਸ਼ ਜਾਂ ਉਪਦੇਸ਼ ਦਿੰਦਾ ਹੈ। ਗੁਰੂ ਨਾਨਕ ਸਹਿਬ ਨੇ ਰਾਗ ਬਿਲਾਵਲ ਵਿਚ ਇਕ ਥਿਤੀ ਲਿਖੀ ਹੈ ਪਰ ਉਸ ਵਿਚ ਕੇਵਲ ਪਦਾਂ ਦੀ ਗਿਣਤੀ ਦਿੱਤੀ ਗਈ ਹੈ। ਇਸਦੇ 6 ਤੁਕਾਂ ਦੇ 20 ਬੰਦ ਹਨ। ਇਸ ਕਾਵਿ-ਸ਼ੈਲੀ ਉੱਪਰ ਰਾਗ ਦਾ ਨਾਮ ਲਿਖਿਆ ਹੈ ਅਤੇ ਨਾਲ ਹੀ ਰਹਾਉ ਦੀ ਤੁਕ ਹੈ। ਰਹਾਉ ਦੀ ਤੁਕ ਦੇ ਅੰਤਰਗਤ ਸ਼ਬਦ ਦੀ ਮਹਿਮਾ ਦਾ ਵਰਨਣ ਕੀਤਾ ਗਿਆ ਹੈ

"ਕਿਆ ਜਪੁ ਜਾਪਉ ਬਿਨੁ ਜਗਦੀਸੈ॥
ਗੁਰ ਕੈ ਸ਼ਬਦ ਮਹਲੁ ਘਰੁ ਦੀਸੈ॥ "[18]

## ਸੁਚਜੀ-ਕੁਚਜੀ

ਗੁਰੂ ਗ੍ਰੰਥ ਸਾਹਿਬ ਵਿਚ ਸੂਹੀ ਰਾਗ ਵਿਚ ਰਚੀ ਇਸ ਰਚਨਾ ਵਿਚ ਮਾੜੇ ਅਤੇ ਚੰਗੇ ਅਚਰਣ ਵਾਲੀ ਇਸਤਰੀ ਦਾ ਸਰੂਪ ਚਿਤਰਿਆ ਗਿਆ ਹੈ। ਆਪਣੇ ਮਾੜੇ ਆਚਰਣ ਕਰਕੇ ਹੀ ਜੀਵ ਆਤਮਾ ਰੂਪੀ ਇਸਤਰੀ ਪ੍ਰਭੂ ਤੋਂ ਵਿਛੜ ਕੇ ਅਨੇਕਾਂ ਪ੍ਰਕਾਰ ਦੇ ਦੁਖਾਂ ਵਿਚ ਵਹੀਨ ਰਹਿੰਦੀ ਹੈ ਜਦਕਿ ਸੁਚੱਜੀ ਸ਼ਬਦ ਉਸ ਲਈ ਵਰਤਿਆ ਗਿਆ ਹੈ ਜੋ ਗੁਰੂ ਦੀ ਭਗਤੀ ਵਿਚ ਲੀਨ ਰਹਿੰਦਾ ਹੈ ਅਤੇ ਉਸ ਦੀ ਇੱਛਾ ਅਨੁਸਾਰ ਜੀਵਨ ਬਤੀਤ ਕਰਦਾ ਹੈ।

"ਤੁਧ ਗੁਣ ਮੈ ਸਭਿ ਅਵਗਣ ਇਕ ਨਾਨਕ ਕੀ ਅਰਦਾਸ ਜੀਉ
ਸਭ ਰਾਤੀ ਸੋਹਾਗਣੀ ਮੈਂ ਡੋਹਾਗਣਿ ਕਾਈ ਗਹਿ ਜੀਉ॥ "[19]

## ਓਅੰਕਾਰ

ਦੱਖਣੀ ਓਅੰਕਾਰ ਬਾਣੀ ਰਾਗ ਰਾਮਕਲੀ ਵਿਚ ਦਰਜ ਹੈ। ਜਿਸ ਵਿਚ ਗੁਰੂ ਜੀ ਦੁਆਰਾ ਪ੍ਰਸਤੁਤ ਲੌਕਿਕ ਅਤੇ ਪਰਲੌਕਿਕ ਰਹੱਸ ਅਤੇ ਰਾਗ ਅਨੁਕੂਲ ਅਤੇ ਇਕ ਸੁਰ ਵਿਚ ਹੋਣਾ ਇਸ ਦੀ ਮੌਲਿਕਤਾ ਅਤੇ ਵਿਲੱਖਣਤਾ ਨੂੰ ਦਰਸਾਉਂਦਾ ਹੈ।

"ਸੁਣ ਪਾਛੇ ਕਿਆ ਲਿਖਹੁ ਜੰਜਾਲਾ॥
ਲਿਖੁ ਰਾਮ ਨਾਮ ਗੁਰਮੁਖਿ ਗੋਪਾਲਾ॥ "[20]

## ਸਿਧ ਗੋਸਟਿ

ਬਾਣੀ ਦੇ ਨਾਮ ਤੋਂ ਹੀ ਸਪੱਸ਼ਟ ਹੈ ਕਿ ਇਸ ਵਿਚ ਗੁਰੂ ਨਾਨਕ ਦੇਵ ਜੀ ਦੇ ਸਿੱਧਾਂ ਦੀ ਗੋਸਟੀ ਵਿਚ ਜੋ ਵਾਰਤਾ ਹੋਈ ਸੀ, ਉਸੇ ਦਾ ਉਚਾਰਣ ਗੁਰੂ ਜੀ ਨੇ ਆਪ ਰਾਗ ਰਾਮਕਲੀ ਵਿਚ 73 ਪਦਾਂ ਵਿਚ ਕੀਤਾ ਹੈ। ਗੁਰੂ ਜੀ ਨੇ ਸਹਿਨਸ਼ੀਲਤਾ, ਨਿਮਰਤਾ, ਉਦਾਰਤਾ, ਅਤੇ ਆਕਰਸ਼ਕ ਢੰਗ ਨਾਲ ਹਾਸਯਮਈ ਸ਼ੈਲੀ ਵਿਚ ਇਹਨਾਂ ਰਚਨਾਤਮਕ ਸੰਦੇਸ਼ਾਂ ਨੂੰ ਸਿੱਧਾਂ ਤੱਕ ਪਹੁੰਚਾਇਆ।

"ਸਿੱਧ ਸਭਾ ਕਰ ਆਸਣਿ ਬੈਠੇ, ਸੰਤ ਸਭਾ ਜੈ ਕਾਰੋ॥
ਤਿਸ ਆਗੇ ਰਹਿਰਾਸ ਹਮਾਰੀ, ਸਾਚਾ ਅਪਰ ਅਪਾਰੋ॥ "[21]

### ਅਲਾਹੁਣੀਆਂ

ਇਹ ਪ੍ਰਸਿੱਧ ਲੋਕ ਗਇਨ ਸ਼ੈਲੀ ਹੈ ਜਿਸ ਨੂੰ ਮੌਤ ਦੇ ਸਮੇਂ ਵਿਚ ਇਸ ਲੋਕ ਧਾਰਨਾ ਦੇ ਆਧਾਰ ਤੇ ਸੰਸਾਰ ਦੀ ਨਾਸ਼ਮਾਨਤਾ ਨੂੰ ਦਰਸਾਉਂਦਿਆਂ ਬਹੁਤ ਦਰਦਨਾਕ ਸਥਿਤੀ ਪ੍ਰਗਟਾਈ ਹੈ। ਗੁਰੂ ਜੀ ਦੀਆਂ ਰਾਗ ਵਡਹੰਸ ਵਿਚ 5 ਅਲਾਹੁਣੀਆਂ ਦਰਜ ਹਨ।

"ਧੰਨੁ ਸਿਰੰਦਾਸਚਾ ਪਾਤਿਸਾਹੁ ਜਿਨਿ ਜਗੁ ਪੰਧੈ ਲਾਇਆ॥
ਮੁਹਲਤਿ ਪੁਨੀ ਪਾਈ ਭਰੀ ਜਾਨੀਅੜਾ ਘਤਿ ਚਲਾਇਆ॥ "[22]

### ਆਰਤੀ

ਗੁਰੂ ਨਾਨਕ ਦੇਵ ਜੀ ਦੁਆਰਾ ਰਚਿਤ ਇਕ ਪਦ ਜੋ ਰਾਗ ਧਨਾਸਰੀ ਵਿਚ ਦਰਜ ਹੈ, ਆਰਤੀ ਸਿਰਲੇਖ ਨਾਲ ਵਿਸ਼ੇਸ਼ਿਤ ਕੀਤਾ ਗਿਆ ਹੈ। ਗੁਰੂ ਨਾਨਕ ਦੇਵ ਜੀ ਦੀ ਮਹਾਨ ਕਲਪਨਾ ਨੂੰ ਸਾਰੀ ਕੁਦਰਤ ਗਗਨ ਦੇ ਥਾਲ ਵਿਚ ਚੰਨ ਤੇ ਸੂਰਜ ਦੇ ਦੀਵੇ ਅਤੇ ਤਾਰਿਆਂ ਦੇ ਮੋਤੀ ਰਖ ਕੇ ਪ੍ਰਭ ਦੀ ਆਰਤੀ ਕਰਦੀ ਪ੍ਰਤੀਤ ਹੋਈ ਹੈ।

"ਕੈਸੀ ਆਰਤੀ ਹੋਇ
ਭਵ ਖੰਡਨਾ ਤੇਰੀ ਆਰਤੀ॥
ਅਨਹਤਾ ਸ਼ਬਦ ਵਾਜੰਤ ਭੇਰੀਖ॥ "[23]

ਆਰਤੀ ਦੇ ਗਾਇਨ ਕਰਨ ਦੀ ਪ੍ਰਥਾ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਹੀ ਪ੍ਰਚਲਿਤ ਸੀ।

### ਸਲੋਕ

ਗੁਰੂ ਨਾਨਕ ਜੀ ਸਮੇਂ ਸਲੋਕ ਇਕ ਲੋਕ ਪ੍ਰਿਯ-ਕਾਵਿ-ਰੂਪ ਸੀ। ਸਲੋਕ ਕੋਈ ਛੰਦ ਦੀ ਕਿਸਮ ਨਹੀਂ ਹੈ, ਬਲਕਿ ਇਹ ਕਾਵਿ ਰੂਪ ਹੈ। ਜਿਸਦੀ ਰਚਨਾ ਅਨੇਕ ਛੰਦਾਂ ਵਿਚ ਕੀਤੀ ਗਈ ਮਿਲਦੀ ਹੈ। ਸਲੋਕ ਦਾ ਸਧਾਰਣ ਅਰਥ ਹੈ ਪ੍ਰਸੰਸਾ, ਉਸਤਤ। "ਗੁਰੂ ਨਾਨਕ ਦੇਵ ਜੀ ਦੇ ਕੁੱਲ 258 ਸਲੋਕ ਮਿਲਦੇ ਹਨ ਜਿਨ੍ਹਾਂ ਵਿਚੋਂ 32 ਸਲੋਕ 'ਸਲੋਕ ਵਾਰਾਂ ਤੋਂ ਵਧੀਕ' ਸਿਰਲੇਖ ਹੇਠ ਅਤੇ ਬਾਕੀ 226 ਉਨ੍ਹਾਂ ਦੀਆਂ ਆਪਣੀਆਂ ਵਾਰਾਂ ਜਿਨ੍ਹਾਂ ਵਿਚ ਨਾ ਕੋਈ ਛੰਦ ਨਿਸਚਿਤ ਹੈ ਅਤੇ ਨਾ ਹੀ ਪੰਕਤੀਆਂ ਦੀ ਗਿਣਤੀ"।[24]

ਇਸ ਪ੍ਰਕਾਰ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਰਬ ਲੋਕਾਈ ਦੇ ਕਲਿਆਣ ਵਾਸਤੇ ਧੁਰ ਕੀ ਬਾਣੀ ਉਚਾਰ ਕੇ ਸਿੱਖ ਪੰਥ ਦੀ ਨੀਂਹ ਰੱਖੀ। ਗੁਰੂ ਸਾਹਿਬ ਨੇ ਆਪਣੀ ਸਮੁੱਚੀ ਬਾਣੀ ਰਾਗਾਂ ਦੇ ਅੰਤਰਗਤ ਉਚਾਰ ਕੇ ਗੁਰਮਿਤ ਸੰਗਤਿ ਦਾ ਮੁੱਢ ਬੰਨਿਆ ਅਤੇ ਗੁਰਬਾਣੀ ਕੀਰਤਨ ਨੂੰ ਵੱਖ-ਵੱਖ ਰਾਗਾਂ ਵਿਚ ਗਾਉਣ ਦਾ ਆਦੇਸ਼ ਦਿੱਤਾ। ਗੁਰੂ ਗ੍ਰੰਥ ਸਾਹਿਬ ਵਿਚ ਆਏ ਰਾਗਾਂ ਨੂੰ ਚੁਣ ਕੇ ਆਪਣੀ ਬਾਣੀ ਦਾ ਉਹਨਾਂ ਵਿਚ ਉਚਾਰਨ ਕੀਤਾ ਅਤੇ ਕੀਰਤਨ ਨੂੰ ਕੇਵਲ ਆਤਮਿਕ ਸ਼ਾਂਤੀ ਅਤੇ ਪ੍ਰਭੂ ਮਿਲਣ ਦਾ ਮਾਧਿਅਮ ਸਵੀਕਾਰ ਕੀਤਾ। ਗੁਰੂ ਨਾਨਕ ਦੇਵ ਜੀ ਨੇ ਰਾਗ ਦੇ ਨਾਲ ਨਾਲ ਲੋਕ ਧੁਨਾਂ ਦਾ ਵੀ ਪ੍ਰਯੋਗ ਕੀਤਾ।

### ਹਵਾਲੇ ਅਤੇ ਟਿੱਪਣੀਆਂ


1 ਵਾਰਾਂ ਭਾਈ ਗੁਰਦਾਸ, ਵਾਰ 1, ਪੰਨਾ 18

2 ਯੋਗੇਂਦਰ ਪਾਲ ਸ਼ਰਮਾ ਅਤੇ ਬਚਿੱਤਰ ਸਿੰਘ, 'ਸੰਗੀਤ ਦਾ ਇਤਿਹਾਸ', ਪੰ. ਨੰ.19

3. ਡਾ. ਗੁਰਨਾਮ ਸਿੰਘ, 'ਗੁਰਮਤਿ ਸੰਗੀਤ ਪਰਬੰਧ ਅਤੇ ਪਾਸਾਰ', ਪੰਨਾ ਨੰ. 137

4. ਡਾ. ਜਾਗੀਰ ਸਿੰਘ, 'ਗੁਰੂ ਨਾਨਕ ਬਾਣੀ ਅਤੇ ਸੰਗੀਤ', ਪੰਨਾ 100

5. ਭਾਈ ਗੁਰਦਾਸ, ਵਾਰ 1, ਪਉੜੀ 38

6. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 12

7. ਡਾ. ਜਾਗੀਰ ਸਿੰਘ, 'ਗੁਰੂ ਨਾਨਕ ਬਾਣੀ ਅਤੇ ਸੰਗੀਤ', ਪੰਨਾ 103

8. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 138

9. ਕਾਹਨ ਸਿੰਘ ਨਾਭਾ, ਮਹਾਨ ਕੋਸ਼, ਪੰਨਾ-495

10. ਚਾਨਣ ਸਿੰਘ ਨਿਰਮਲ, 'ਗੁਰਬਾਣੀ ਸਿਧਾਂਤ ਤੇ ਵਿਹਾਰ, ਪੰਨਾ 129

11. ਸ੍ਰੀ ਗੁਰੁ ਗ੍ਰੰਥ ਸਾਹਿਬ, ਅੰਗ 764

12. ਸ੍ਰੀ ਗੁਰੁ ਗ੍ਰੰਥ ਸਾਹਿਬ, ਅੰਗ 74-76

13. ਚਾਨਣ ਸਿੰਘ ਨਿਰਮਲ, ਗੁਰਬਾਣੀ ਸਿਧਾਂਤ 'ਤੇ ਵਿਹਾਰ, ਪੰਨਾ 126

14. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 432

15. ਸਹਿਤ ਕੋਸ਼ (ਪਰਿਭਾਸ਼ਕ ਸ਼ਬਦਾਵਲੀ), ਪੰਨਾ 408

16. ਡਾ.ਰਤਨ ਸਿੰਘ ਜੱਗੀ, ਗੁਰੂ ਗ੍ਰੰਥ ਸਾਹਿਬ ਵਿਸ਼ਵ ਕੋਸ਼, ਪੰਨਾ-284

17. ਤੁਖਾਰੀ ਛੰਤ ਮਹਲਾ 1, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ,ਅੰਗ-1107

18. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੰਗ-839

19. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੰਗ-762...

20. ਰਾਮਕਲੀ ਮਹਲਾ 1, ਦੱਖਣੀ ਓਅੰਕਾਰ, ਅੰਗ-930

21. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੰਗ- 938

22. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੰਗ-578

23. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੰਗ- 663

24. ਚਾਨਣ ਸਿੰਘ ਨਿਰਮਲ, ਗੁਰਬਾਣੀ ਸਿਧਾਂਤ 'ਤੇ ਵਿਹਾਰ, ਪੰਨਾ-181